# ਸੰਤੁਲਿਤ ਬਜਟ ਪਰਿਵਾਰਾਂ ਵਿੱਚ ਨਿਵੇਸ਼ ਕਰਦਾ ਹੈ

## ਜੂਨ ਵਿੱਚ ਜਾਰੀ ਕੀਤੀ ਤਾਜ਼ਾ ਜਾਣਕਾਰੀ – ਸੰਤੁਲਿਤ ਬਜਟ 2013 ਦੀਆਂ ਵਿਸ਼ੇਸ਼ਤਾਵਾਂ

### *ਬ੍ਰਿਟਿਸ਼ ਕੋਲੰਬੀਆ ਲਈ ਸੰਤੁਲਿਤ ਬਜਟ*

ਬਜਟ 2013 ਬਾਰੇ ਜਾਰੀ ਕੀਤੀ ਤਾਜ਼ੀ ਜਾਣਕਾਰੀ ਆਉਂਦੇ ਤਿੰਨ ਸਾਲਾਂ ਲਈ ਬੀ.ਸੀ. ਨੂੰ ਸੇਧ ਦੇਣ ਸੰਬੰਧੀ ਸਰਕਾਰ ਦੀ ਸੂਝਵਾਨ ਅਤੇ ਯਥਾਰਥਕ ਯੋਜਨਾ ਦੀ ਪੁਸ਼ਟੀ ਕਰਦੀ ਹੈ। ਪਰ ਸਾਡੀ ਆਰਥਿਕਤਾ ਨੂੰ ਮੁੜ ਸੰਭਲਣ ਵਿੱਚ ਸਹਾਰਾ ਦੇਣ ਲਈ ਅਤੇ ਜਿਹੜੀਆਂ ਸੇਵਾਵਾਂ ਉੱਪਰ ਬ੍ਰਿਟਿਸ਼ ਕੋਲੰਬੀਆ ਦੇ ਲੋਕ ਰੋਜ਼ਾਨਾ ਨਿਰਭਰ ਕਰਦੇ ਹਨ, ਉਨ੍ਹਾਂ ਲਈ ਸਮਰਥਨ ਨੂੰ ਬਰਕਰਾਰ ਰੱਖਣ ਵਾਲੇ ਉਪਾਅ ਦਾ ਸਹੀ ਸੰਤੁਲਨ ਲੱਭਣ ਲਈ ਅਸੀਂ ਸਖ਼ਤ ਮਿਹਨਤ ਕੀਤੀ ਹੈ।

ਬਜਟ 2013 ਸੰਬੰਧੀ ਜਾਰੀ ਕੀਤੀ ਤਾਜ਼ਾ ਜਾਣਕਾਰੀ ਪੂਰੀ ਤਰ੍ਹਾਂ ਸਾਡੇ ਸੂਬੇ ਦੇ ਭਵਿੱਖ ਨੂੰ ਸਮਰਪਿਤ ਹੈ। ਸਰਕਾਰ ਆਪਣੀ ਸਮਰੱਥਾ ਤੋਂ ਵੱਧ ਖ਼ਰਚਾ ਨਹੀਂ ਕਰੇਗੀ ਅਤੇ ਅਸੀਂ ਬੇਲੋੜੇ ਕਰਜ਼ਿਆਂ ਦੀ ਵਿਰਾਸਤ ਨਹੀਂ ਛੱਡਾਂਗੇ। ਅਸੀਂ ਉਸ ਵਾਅਦੇ 'ਤੇ ਪੂਰੇ ਉੱਤਰੇ ਹਾਂ ਜੋ ਅਸੀਂ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨਾਲ ਕੀਤਾ ਸੀ: ਸਾਡੀ ਨਵੀਂ ਮਾਲੀ ਯੋਜਨਾ ਦੇ ਪੂਰੇ ਤਿੰਨ ਸਾਲਾਂ ਦੌਰਾਨ ਸੰਤੁਲਿਤ ਬਜਟ ਦੇਣਾ।

**2013/14 ਵਿੱਚ ਬਜਟ ਵਿੱਚ ਬਚਤ ਵੱਲ ਵਾਪਸੀ**




**ਖ਼ਰਚਿਆਂ ਸੰਬੰਧੀ ਅਨੁਸ਼ਾਸਨ ਦੇ ਪੰਜ ਸਾਲ**




[1] ਵਾਪਸੀਯੋਗ ਟੈਕਸ ਕ੍ਰੈਡਿਟ ਟ੍ਰਾਂਸਫ਼ਰ ਸੰਬੰਧੀ ਅਕਾਊਂਟਿੰਗ ਨੀਤੀ ਦਰਸਾਉਣ ਲਈ ਮੁੜ ਉਲੀਕਿਆ ਗਿਆ।

*ਬੀ.ਸੀ. ਦਾ ਬਜਟ ਸੰਤੁਲਿਤ ਹੋ ਗਿਆ ਹੈ, ਪਰ ਅਜਿਹਾ ਕਰਨਾ ਸੌਖਾ ਨਹੀਂ ਰਿਹਾ ਹੈ। ਬ੍ਰਿਟਿਸ਼ ਕੋਲੰਬੀਆ ਦੇ ਵਸਨੀਕਾਂ ਲਈ ਮਹੱਤਵਪੂਰਣ ਸੇਵਾਵਾਂ ਦੀ ਰਾਖੀ ਲਈ ਸਰਕਾਰ ਦੀ ਯੋਗਤਾ ਨੂੰ ਯਕੀਨੀ ਬਣਾਉਣ ਲਈ ਸਾਨੂੰ ਖ਼ਰਚਿਆਂ ਸੰਬੰਧੀ ਨਿਰੰਤਰ ਅਨੁਸ਼ਾਸਨ ਬਰਕਰਾਰ ਰੱਖਣਾ ਪਵੇਗਾ ਅਤੇ ਮੁਸ਼ਕਲ ਫ਼ੈਸਲੇ ਲੈਣੇ ਪੈਣਗੇ। ਬਜਟ ਵਿੱਚ ਬਚਤ ਹਾਸਲ ਕਰਨ ਵਾਲਾ ਖ਼ਰਚਿਆਂ ਸੰਬੰਧੀ ਅਨੁਸ਼ਾਸਨ ਬੀ.ਸੀ. ਨੂੰ ਕਰਜ਼ਾ-ਮੁਕਤੀ ਦੀ ਰਾਹ 'ਤੇ ਪਾਉਣ ਲਈ ਸਾਡਾ ਪਹਿਲਾ ਕਦਮ ਹੈ।*

*ਮਾਣਯੋਗ*
*ਮਾਈਕਲ ਡੀ ਯੌਂਗ, ਕਿਊ.ਸੀ.*
ਮਨਿਸਟਰ ਆਫ਼ ਫ਼ਾਇਨੈਂਸ
(ਵਿੱਤ ਮੰਤਰੀ)

BRITISH COLUMBIA





## ਪ੍ਰਾਪਰਟੀ ਅਤੇ ਅਸਾਸਿਆਂ ਦੀ ਵਿਕਰੀ ਸੰਬੰਧੀ ਤਾਜ਼ਾ ਜਾਣਕਾਰੀ

ਮਾਲੀ ਵਰ੍ਹੇ ਦੇ ਪਹਿਲੇ ਤਿੰਨ ਮਹੀਨਿਆਂ ਦੌਰਾਨ, ਸਰਕਾਰ ਨੇ 2013-14 ਲਈ ਪ੍ਰਾਪਰਟੀ ਅਤੇ ਅਸਾਸਿਆਂ ਦੀ ਵਿਕਰੀ ਸੰਬੰਧੀ ਆਪਣੇ ਟੀਚੇ ਦਾ ਲਗਭਗ 37 ਫ਼ੀ ਸਦੀ ਹਿੱਸਾ ਹਾਸਲ ਕਰ ਲਿਆ ਹੈ। ਇਨ੍ਹਾਂ ਵਿਕਰੀਆਂ ਰਾਹੀਂ ਬਜਟ ਨੂੰ ਸੰਤੁਲਿਤ ਕਰਨ ਲਈ ਸੰਯੁਕਤ ਰੂਪ ਵਿੱਚ ਲਗਭਗ $181 ਮਿਲੀਅਨ ਦੀ ਆਮਦਨ ਹੋਈ ਹੈ।





# ਸੰਤੁਲਿਤ ਬਜਟ ਹਾਸਲ ਕਰਨਾ

ਭਾਵੇਂ ਅਸੀਂ ਵਿਸ਼ਵ ਦੀ ਡਾਵਾਂਡੋਲ ਆਰਥਿਕਤਾ ਜਾਂ ਵਸਤਾਂ ਦੀਆਂ ਕੀਮਤਾਂ ’ਤੇ ਕਾਬੂ ਨਹੀਂ ਕਰ ਸਕਦੇ, ਪਰ ਅਸੀਂ ਬੀ.ਸੀ. ਨੂੰ ਇਨ੍ਹਾਂ ਦੇ ਅਸਰ ਤੋਂ ਸੁਰੱਖਿਅਤ ਕਰ ਸਕਦੇ ਹਾਂ ਅਤੇ ਆਪਣੇ ਖ਼ਰਚਿਆਂ ਨੂੰ ਕਾਬੂ ਕਰ ਸਕਦੇ ਹਾਂ।

**2013/14 ਦੌਰਾਨ ਬਜਟ ਵਿੱਚ ਵਾਧੂ ਬਚਤ ਕਰਨ ਅਤੇ ਆਉਂਦੇ ਸਾਲਾਂ ਦੌਰਾਨ ਬਜਟ ਵਿਚਲੇ ਇਸ ਬਚਤ ਵਾਧੇ ਨੂੰ ਹੋਰ ਵਧਾਉਣ ਲਈ ਚਾਰ ਪ੍ਰਮੁੱਖ ਕਦਮ ਬੀ.ਸੀ. ਦੀ ਮਦਦ ਕਰਨਗੇ:**

» ਨਿਰੋਲ ਆਰਥਿਕ ਵਿਕਾਸ ਰਾਹੀਂ $1.1 ਬਿਲੀਅਨ ਦੀ ਵਾਧੂ ਸਰਕਾਰੀ ਆਮਦਨ ਹੋਣ ਦੀ ਆਸ ਹੈ।

» ਟੈਕਸ ਸੰਬੰਧੀ ਮਿੱਥੇ ਹੋਏ ਉਪਾਅ ਜਿਨ੍ਹਾਂ ਨਾਲ ਅਗਲੇ ਤਿੰਨ ਸਾਲਾਂ ਦੌਰਾਨ $1.3 ਬਿਲੀਅਨ ਦੀ ਵਾਧੂ ਸਰਕਾਰੀ ਆਮਦਨ ਹੋਣ ਦੀ ਉਮੀਦ ਹੈ।

» ਖ਼ਰਚਿਆਂ ਦੇ ਵਾਧੇ ਦਾ ਪ੍ਰਬੰਧਨ ਜਿਸ ਰਾਹੀਂ ਤਿੰਨ ਸਾਲਾਂ ਦੌਰਾਨ $1.2 ਬਿਲੀਅਨ ਉਪਲਬਧ ਹੋਣ ਦੀ ਆਸ ਹੈ।

» ਅਗਲੇ ਦੋ ਸਾਲਾਂ ਦੌਰਾਨ ਕੁੱਲ $625 ਮਿਲੀਅਨ ਦੇ ਮੁੱਲ ਦੀਆਂ ਵਾਧੂ ਜਾਇਦਾਦਾਂ ਅਤੇ ਅਸਾਸਿਆਂ ਦੀ ਵਿਕਰੀ।

## ਬਜਟ ਵਿਚਲੇ ਘਾਟੇ ਨੂੰ ਘਟਾਉਣਾ





[1] ਸਾਲ 2013/14 ਵਿੱਚ ਲਿਟਲ ਮਾਊਂਟੇਨ ਸੇਲ ਅਤੇ ਸ਼ਰਾਬ ਦੇ ਵਿਤਰਨ ਵਾਲੀ ਸ਼ਾਖਾ ਦੇ ਵੇਅਰਹਾਊਸ ਨੂੰ ਨਵੀਂ ਥਾਂ ’ਤੇ ਸਥਾਪਤ ਕਰਨ ਦੇ ਅਸਰ ਵੀ ਸ਼ਾਮਲ ਹਨ।

## ਪੁੱਜਤ ਵਾਲੀ ਸਿਹਤ ਸੰਭਾਲ, ਨਤੀਜੇ ਹਾਸਲ ਕਰਨੇ

ਸਿਹਤ ਸੰਭਾਲ ਉੱਪਰ ਕੀਤਾ ਜਾਣ ਵਾਲਾ ਖ਼ਰਚਾ ਬਿਹਤਰ ਸਿਹਤ ਨਤੀਜੇ ਪ੍ਰਦਾਨ ਕਰਨ ਵੱਲ ਟੀਚਾਬੱਧ ਕੀਤਾ ਗਿਆ ਹੈ ਜਿਸ ਨਾਲ ਸਾਡੀ ਸਿਹਤ ਸੰਭਾਲ ਪ੍ਰਣਾਲੀ ਮੁਲਕ ਭਰ ਵਿਚਲੀਆਂ ਸਭ ਤੋਂ ਉੱਤਮ ਸਿਹਤ ਦੇਖਭਾਲ ਪ੍ਰਣਾਲੀਆਂ ਵਿੱਚੋਂ ਇੱਕ ਹੋਵੇਗੀ। ਸਿਹਤ ਸੰਬੰਧੀ ਖ਼ਰਚੇ ਵਿੱਚ ਬਚਤ ਅਤੇ ਨਿਪੁੰਨਤਾ ਮਨਿਸਟਰੀ ਆਫ਼ ਹੈਲਥ (ਸਿਹਤ ਮੰਤਰਾਲਾ) ਦੇ ਬਜਟ ਦੇ ਵਾਧੇ ਨੂੰ 2.5 ਫ਼ੀ ਸਦੀ ਦੀ ਸਾਲਾਨਾ ਔਸਤ ਤਕ ਸੀਮਿਤ ਰੱਖੇਗੀ — ਪਰ ਫਿਰ ਵੀ ਤਿੰਨ ਸਾਲਾਂ ਦੌਰਾਨ $2.4 ਬਿਲੀਅਨ ਦੀ ਨਵੀਂ ਫ਼ੰਡਿੰਗ ਪ੍ਰਦਾਨ ਕਰੇਗੀ, ਜਿਸ ਨਾਲ ਸਾਲ 2015-16 ਵਿੱਚ ਇਸ ਦੀ ਕੁੱਲ ਰਕਮ $17.4 ਬਿਲੀਅਨ ਹੋ ਜਾਵੇਗੀ। ਹੋਰਨਾ ਸੂਬਿਆਂ ਦੇ ਮੁਕਾਬਲੇ ਪ੍ਰਤੀ ਵਿਅਕਤੀ ਸਿਹਤ ਖ਼ਰਚਿਆਂ ਦੀ ਦੂਜੀ ਸਭ ਤੋਂ ਘੱਟ ਦਰ ਨੂੰ ਬਰਕਰਾਰ ਰੱਖਦਿਆਂ, ਬੀ.ਸੀ. ਪ੍ਰਮੁੱਖ ਸਿਹਤ ਨਤੀਜੇ ਨਿਰੰਤਰ ਹਾਸਲ ਕਰ ਰਿਹਾ ਹੈ ਜੋ ਮੁਲਕ ਦਾ ਮਾਰਗ-ਦਰਸ਼ਨ ਕਰਦੇ ਹਨ।




### ਬੱਚਿਆਂ, ਪਰਿਵਾਰਾਂ ਅਤੇ ਭਾਈਚਾਰਿਆਂ ਦਾ ਸਮਰਥਨ ਕਰਨਾ

» ਆਰ.ਸੀ.ਐੱਮ.ਪੀ. ਲਈ ਪੁਲਿਸ ਸੇਵਾਵਾਂ ਸੰਬੰਧੀ ਖ਼ਰਚੇ ਲਈ ਤਿੰਨ ਸਾਲਾਂ ਦੌਰਾਨ $52 ਮਿਲੀਅਨ ਤਾਂ ਕਿ ਮੌਜੂਦਾ ਮੁੱਖ-ਧਾਰਾ ਦੀਆਂ ਸੇਵਾਵਾਂ ਨੂੰ ਬਰਕਰਾਰ ਰੱਖਿਆ ਜਾ ਸਕੇ, ਜਿਵੇਂ ਕਿ ਸੰਗਠਤ ਜੁਰਮਾਂ ਅਤੇ ਗੈਂਗ ਸੰਬੰਧੀ ਗਤੀਵਿਧੀਆਂ ਦਾ ਮੁਕਾਬਲਾ ਕਰਨ ਵਾਲੇ ਅਫ਼ਸਰਾਂ ਦੀ ਭਰਤੀ।

» ਸਿੰਗਲ ਰੂਮ ਔਕੂਪੈਂਸੀ ਹੋਟਲ ਰੀਨਿਊਲ ਦੀ ਮਦਦ ਲਈ ਤਿੰਨ ਸਾਲਾਂ ਦੌਰਾਨ $13 ਮਿਲੀਅਨ।

» ਜ਼ਿੰਮੇਵਾਰਾਨਾ ਢੰਗ ਨਾਲ ਜੂਆ ਖੇਡਣ ਸੰਬੰਧੀ ਕਾਰਜਨੀਤੀ ਲਈ $5 ਮਿਲੀਅਨ ਤਾਂ ਕਿ ਇਲਾਜ, ਕਾਊਂਸਲਿੰਗ ਅਤੇ ਸਮੱਸਿਆਤਮਕ ਜੂਏ ਦੀ ਰੋਕਥਾਮ ਲਈ ਹੋਰਨਾ ਸੇਵਾਵਾਂ ਵਾਸਤੇ ਫ਼ੰਡ ਮੁਹੱਈਆ ਕੀਤੇ ਜਾ ਸਕਣ।

» ਉਨ੍ਹਾਂ ਸਾਰੇ ਪਰਿਵਾਰਾਂ ਵਾਸਤੇ ਪ੍ਰਾਪਰਟੀ ਟੈਕਸ ਨੂੰ ਟਾਲਣ ਦੇ ਪ੍ਰੋਗਰਾਮ ਦਾ ਵਿਸਥਾਰ ਜਿਹੜੇ ਪਰਿਵਾਰ ਕਿਸੇ ਵੀ ਵਿੱਦਿਅਕ ਅਦਾਰੇ ਵਿੱਚ ਪੜ੍ਹ ਰਹੇ ਬੱਚੇ ਨੂੰ ਸਹਾਰਾ ਦੇ ਰਹੇ ਹਨ ਅਤੇ ਜੋ ਅਪਾਹਜ ਹੋਏ ਬਾਲਗ ਬੱਚਿਆਂ ਨੂੰ ਸਹਾਰਾ ਦੇ ਰਹੇ ਹਨ।

» ਸਪੋਰਟਸ ਐਂਡ ਆਰਟਸ ਲੈਗੇਸੀ ਨੂੰ ਸਹਾਰਾ ਦੇਣ ਲਈ ਤਿੰਨ ਸਾਲਾਂ ਦੌਰਾਨ $60 ਮਿਲੀਅਨ।

*ਬ੍ਰਿਟਿਸ਼ ਕੋਲੰਬੀਆ ਵਿੱਚ ਮੁਲਕ ਭਰ ਵਿੱਚੋਂ ਅੰਦਾਜ਼ਨ ਜੀਵਨ-ਕਾਲ ਸਭ ਤੋਂ ਲੰਮਾ ਹੈ, ਕੈਂਸਰ ਹੋਣ ਦੇ ਵਾਕਿਆ ਸਭ ਤੋਂ ਘੱਟ ਹਨ ਅਤੇ ਜਿਨ੍ਹਾਂ ਨੂੰ ਕੈਂਸਰ ਹੁੰਦਾ ਹੈ, ਬੀ.ਸੀ. ਵਿੱਚ ਉਨ੍ਹਾਂ ਦੇ ਕੈਂਸਰ ਤੋਂ ਜਿਉਂਦੇ ਬਚਣ ਦੀ ਦਰ ਕਾਫ਼ੀ ਵਧੀਆ ਹੈ। ਨਾਲ ਹੀ, ਅਸੀਂ ਇਕਲੌਤਾ ਅਜਿਹਾ ਸੂਬਾ ਹਾਂ ਜਿੱਥੇ ਐੱਚ.ਆਈ.ਵੀ. ਦੀ ਪਛਾਣ ਕੀਤੇ ਜਾਂਦੇ ਨਵੇਂ ਕੇਸਾਂ ਵਿੱਚ ਨਿਰੰਤਰ ਕਮੀ ਆ ਰਹੀ ਹੈ।*



## ਬ੍ਰਿਟਿਸ਼ ਕੋਲੰਬੀਆ ਅਰਲੀ ਯੀਅਰਜ਼ ਸਟ੍ਰੈਟਿਜੀ

The B.C. Early Years Strategy (ਮੁੱਢਲੇ ਸਾਲਾਂ ਲਈ ਬੀ.ਸੀ. ਦੀ ਕਾਰਜਨੀਤੀ) ਮੁੱਢਲੇ ਸਾਲਾਂ ਵਿੱਚ ਬੱਚਿਆਂ ਦੇ ਵਿਕਾਸ ਅਤੇ ਬੱਚਿਆਂ ਦੀ ਦੇਖਭਾਲ ਦੇ ਸਮਰਥਨ ਲਈ ਸਰਕਾਰ ਦੀ ਅੱਠ-ਸਾਲਾ ਵਚਨਬੱਧਤਾ ਹੈ। ਅਰਲੀ ਯੀਅਰਜ਼ ਸੰਬੰਧੀ ਇੱਕ ਸੂਬਾਈ ਦਫ਼ਤਰ, ਸੂਬੇ ਭਰ ਵਿੱਚ ਅਰਲੀ ਯੀਅਰਜ਼ ਕੇਂਦਰਾਂ ਦਾ ਨੈੱਟਵਰਕ, ਇੱਕ ਨਵਾਂ ਬੀ.ਸੀ. ਚਾਈਲਡਹੁੱਡ ਟੈਕਸ ਬੈਨਿਫ਼ਿਟ ਅਤੇ ਬੱਚਿਆਂ ਦੀ ਦੇਖਭਾਲ ਲਈ ਜ਼ਿਆਦਾ ਥਾਵਾਂ – ਇਹ ਸਭ ਕੁਝ ਸੂਬਾਈ ਯੋਜਨਾ ਦਾ ਹਿੱਸਾ ਹਨ।

ਅਰਲੀ ਯੀਅਰਜ਼ ਸਟ੍ਰੈਰਿਜੀ ਸਰਕਾਰ ਦੇ ਉਸ ਉੱਦਮ ਨੂੰ ਅੱਗੇ ਵਧਾਉਂਦੀ ਹੈ ਜਿਸ ਰਾਹੀਂ ਮੁੱਢਲੇ ਸਾਲਾਂ ਵਿੱਚ ਬੱਚਿਆਂ ਦੇ ਵਿਕਾਸ, ਬੱਚਿਆਂ ਦੀ ਦੇਖਭਾਲ ਅਤੇ ਮੁੱਢਲੇ ਵੱਰ੍ਹਿਆਂ ਵਿੱਚ ਸਿਖਲਾਈ ਲਈ ਸਰਕਾਰ ਮੌਜੂਦਾ ਸਮੇਂ $1 ਬਿਲੀਅਨ ਸਾਲਾਨਾ ਖ਼ਰਚ ਕਰ ਰਹੀ ਹੈ। ਇਸ ਵਿੱਚ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਵਿਸ਼ੇਸ਼ ਸਹਾਰਿਆਂ ਤੋਂ ਲੈ ਕੇ ਪੰਜ ਸਾਲ ਦੀ ਉਮਰ ਵਾਲੇ ਬੱਚਿਆਂ ਲਈ ਪੂਰੇ-ਦਿਨ ਚੱਲਣ ਵਾਲਾ ਕਿੰਡਰਗਾਰਟਨ ਸ਼ਾਮਲ ਹੈ।



**ਅਰਲੀ ਯੀਅਰਜ਼ ਦਾ ਨਵਾਂ ਸੂਬਾਈ ਦਫ਼ਤਰ**

ਨੀਤੀਆਂ ਅਤੇ ਸੇਵਾਵਾਂ ਸੰਬੰਧੀ ਸੁਧਾਰਾਂ ਵਿਚਲੇ ਤਾਲਮੇਲ ਲਈ ਇਸ ਸਾਲ ਇੱਕ ਨਵਾਂ ਸੂਬਾਈ ਦਫ਼ਤਰ ਸਥਾਪਤ ਕੀਤਾ ਜਾਵੇਗਾ। ਭਾਈਚਾਰਿਆਂ ਅਤੇ ਮੁੱਢਲੇ ਵਰ੍ਹਿਆਂ ਨਾਲ ਸੰਬੰਧਤ ਸੇਵਾਵਾਂ ਵਾਲੇ ਖੇਤਰ ਨਾਲ ਰਲ਼ ਕੇ ਕਾਰਜ ਕਰ ਕੇ ਇਹ ਦਫ਼ਤਰ ਸੂਬੇ ਭਰ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਨ ਵਾਲੇ ਅਰਲੀ ਯੀਅਰਜ਼ ਕੇਂਦਰਾਂ ਦਾ ਨੈੱਟਵਰਕ ਸ਼ੁਰੂ ਕਰਨ ਦੀ ਅਗਵਾਈ ਕਰੇਗਾ।

***ਇਸ ਸਟ੍ਰੈਟਿਜੀ ਦੇ ਪਹਿਲੇ ਤਿੰਨ ਸਾਲਾਂ ਦੌਰਾਨ ਮੁੱਢਲੇ ਸਾਲਾਂ ਨਾਲ ਸੰਬੰਧਤ ਸੇਵਾਵਾਂ ਉੱਪਰ ਸਰਕਾਰ ਵੱਲੋਂ ਖ਼ਰਚੀ ਜਾਂਦੀ ਰਾਸ਼ੀ ਵਿੱਚ $76 ਮਿਲੀਅਨ ਦਾ ਵਾਧਾ ਹੋਵੇਗਾ:***

- ਤਿੰਨ ਸਾਲਾਂ ਦੌਰਾਨ ਚਾਈਲਡ ਕੇਅਰ ਲਈ 2,000 ਤਕ ਨਵੀਆਂ, ਲਾਇਸੰਸ-ਸ਼ੁਦਾ ਥਾਵਾਂ ਖੋਲ੍ਹਣ ਲਈ $32 ਮਿਲੀਅਨ, ਆਉਂਦੇ ਅੱਠ ਵਰ੍ਹਿਆਂ ਵਿੱਚ ਚਾਈਲਡ ਕੇਅਰ ਲਈ 13,000 ਨਵੀਆਂ ਥਾਵਾਂ ਖੋਲ੍ਹਣ ਦਾ ਟੀਚਾ।
- ਬ੍ਰਿਟਿਸ਼ ਕੋਲੰਬੀਆ ਵਿੱਚ ਚਾਈਲਡ-ਕੇਅਰ ਅਤੇ ਮੁੱਢਲੇ ਸਾਲਾਂ ਨਾਲ ਸੰਬੰਧਤ ਸੇਵਾਵਾਂ ਦੀ ਕੁਆਲਟੀ ਨੂੰ ਹੋਰ ਮਜ਼ਬੂਤ ਕਰਨ ਅਤੇ ਵਧਾਉਣ ਲਈ ਤਿੰਨ ਸਾਲਾਂ ਦੌਰਾਨ ਹੋਰ $37 ਮਿਲੀਅਨ।
- ਬਚਪਨ ਦੇ ਮੁੱਢਲੇ ਪੜਾਅ ਵਿੱਚ ਵਿਕਾਸ ਅਤੇ ਚਾਈਲਡ-ਕੇਅਰ ਸੇਵਾਵਾਂ ਵਿਚਲੇ ਤਾਲਮੇਲ ਨੂੰ ਮਜ਼ਬੂਤ ਕਰਨ ਲਈ ਤਿੰਨ ਸਾਲਾਂ ਦੌਰਾਨ $7 ਮਿਲੀਅਨ।

## ਨਵਾਂ ਬੀ.ਸੀ. ਅਰਲੀ ਚਾਇਲਡਹੁੱਡ ਟੈਕਸ ਬੈਨਿਫ਼ਿਟ

ਅਪ੍ਰੈਲ 2015 ਤੋਂ, ਬੀ.ਸੀ. ਅਰਲੀ ਚਾਇਲਡਹੁੱਡ ਟੈਕਸ ਬੈਨਿਫ਼ਿਟ $100,000 ਤੋਂ ਘੱਟ ਨਿਰੋਲ ਆਮਦਨ ਵਾਲੇ ਪਰਿਵਾਰਾਂ ਨੂੰ ਛੇ ਸਾਲ ਦੀ ਉਮਰ ਤੋਂ ਘੱਟ ਹਰ ਬੱਚੇ ਲਈ $55 ਪ੍ਰਤੀ ਮਹੀਨਾ ਜਾਂ $660 ਸਾਲਾਨਾ ਦਾ ਰੀਫ਼ੰਡੇਬਲ ਟੈਕਸ ਕ੍ਰੈਡਿਟ (ਵਾਪਸੀਯੋਗ ਟੈਕਸ ਲਾਭ) ਪ੍ਰਦਾਨ ਕਰੇਗਾ। ਇਹ ਫ਼ੰਡਿੰਗ ਬੱਚਿਆਂ ਦੀ ਪਰਵਰਿਸ਼ ਸੰਬੰਧੀ ਖ਼ਰਚਿਆਂ ਦੀ ਭਰਪਾਈ ਕਰੇਗੀ।

ਜ਼ਿਆਦਾ ਆਮਦਨ ਵਾਲੇ ਪਰਿਵਾਰਾਂ ਲਈ ਇਸ ਬੈਟਿਫ਼ਿਟ ਨੂੰ ਆਮਦਨ ਮੁਤਾਬਕ ਘਟਾਇਆ ਗਿਆ ਹੈ। ਜਿਹੜੇ ਪਰਿਵਾਰਾਂ ਦੀ ਨਿਰੋਲ ਆਮਦਨ $100,000 ਅਤੇ $150,000 ਦੇ ਵਿਚਕਾਰ ਹੈ ਉਹ ਪਰਿਵਾਰ ਅੰਸ਼ਕ ਰਾਸ਼ੀ ਦੇ ਹੀ ਹੱਕਦਾਰ ਹੋਣਗੇ।



## ਬੱਚਿਆਂ ਵਿੱਚ ਨਿਵੇਸ਼ ਕਰਨਾ— ਬੀ.ਸੀ. ਟ੍ਰੇਨਿੰਗ ਐਂਡ ਐਜੂਕੇਸ਼ਨ ਸੇਵਿੰਗਜ਼ ਗਰਾਂਟ

ਸਾਲ 2007 ਜਾਂ ਉਸ ਤੋਂ ਬਾਅਦ ਪੈਦਾ ਹੋਏ, ਬੀ.ਸੀ. ਵਿੱਚ ਰਹਿਣ ਵਾਲੇ ਬੱਚੇ ਦੀ ਉਮਰ ਛੇ ਸਾਲ ਹੋ ਜਾਣ ਤੋਂ ਬਾਅਦ, ਬੀ.ਸੀ. ਟ੍ਰੇਨਿੰਗ ਐਂਡ ਐਜੂਕੇਸ਼ਨ ਸੇਵਿੰਗਜ਼ ਗਰਾਂਟ ਬੱਚੇ ਦੇ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲੈਨ (ਆਰ.ਈ.ਐੱਸ.ਪੀ.) ਵਿੱਚ ਇੱਕੋ ਵਾਰੀ ਪ੍ਰਦਾਨ ਕੀਤੀ ਜਾਣ ਵਾਲੀ $1,200 ਦੀ ਗਰਾਂਟ ਮੁਹੱਈਆ ਕਰਵਾਏਗੀ। ਆਪਣੇ ਬੱਚੇ ਦੀ ਪੋਸਟ-ਸੈਕੰਡਰੀ ਪੜ੍ਹਾਈ ਲਈ ਛੇਤੀ ਬਚਤ ਸ਼ੁਰੂ ਕਰਨ ਵਿੱਚ ਪਰਿਵਾਰਾਂ ਦੀ ਮਦਦ ਕਰਨਾ ਇਸ ਪ੍ਰੋਗਰਾਮ ਦਾ ਟੀਚਾ ਹੈ।

ਇਹ ਗਰਾਂਟ ਪ੍ਰਾਪਤ ਕਰਨ ਲਈ ਬਰਾਬਰ ਜਾਂ ਵਾਧੂ ਰਕਮ ਦਾ ਯੋਗਦਾਨ ਪਾਉਣਾ ਲਾਜ਼ਮੀ ਨਹੀਂ ਹੈ। ਪਰਿਵਾਰ ਨੇ ਬਸ ਬੱਚੇ ਦਾ ਆਰ.ਈ.ਐੱਸ.ਪੀ. ਅਕਾਊਂਟ ਖੋਲ੍ਹਣਾ ਹੈ ਅਤੇ ਬੱਚੇ ਦੀ ਉਮਰ ਸੱਤ ਸਾਲ ਹੋ ਜਾਣ ਤੋਂ ਪਹਿਲਾਂ ਗਰਾਂਟ ਲਈ ਅਰਜ਼ੀ ਦੇਣੀ ਹੈ।

### ਆਰ.ਈ.ਐੱਸ.ਪੀ. – ਬਚਤ ਦੀ ਤਾਕਤ




## ਮਜ਼ਬੂਤ ਸਰਕਾਰੀ ਸਿੱਖਿਆ ਪ੍ਰਣਾਲੀ

ਲਰਨਿੰਗ ਇੰਪਰੂਵਮੈਂਟ ਫ਼ੰਡ ਦੇ ਸਮਰਥਨ ਲਈ ਤਿੰਨ ਸਾਲਾਂ ਦੌਰਾਨ $210 ਮਿਲੀਅਨ ਨਿਵੇਸ਼ ਕਰ ਕੇ ਅਸੀਂ ਇਹ ਯਕੀਨੀ ਬਣਾਉਣ ਲਈ ਕਾਰਜ ਕਰ ਰਹੇ ਹਾਂ ਕਿ ਤੇਜ਼ੀ ਨਾਲ ਬਦਲ ਰਹੀ ਦੁਨੀਆ ਵਿੱਚ ਸਾਰੇ ਵਿਦਿਆਰਥੀ ਕਾਮਯਾਬੀ ਲਈ ਤਿਆਰ ਹੋਣ। ਆਪਣੇ ਪਹਿਲੇ ਸਾਲ ਵਿੱਚ ਇਸ ਫ਼ੰਡ ਨੇ ਸੂਬੇ ਵਿਚਲੇ ਲਗਭਗ ਹਰ ਪਬਲਿਕ ਸਕੂਲ ਨੂੰ ਵਾਧੂ ਮਦਦ ਪ੍ਰਦਾਨ ਕੀਤੀ ਸੀ।

### ਲਰਨਿੰਗ ਇੰਪਰੂਵਮੈਂਟ ਫ਼ੰਡ ਨਿਵੇਸ਼

» $37 ਮਿਲੀਅਨ ਦੀ ਲਾਗਤ ਨਾਲ ਲਗਭਗ 500 ਅਧਿਆਪਕ ਨੌਕਰੀ 'ਤੇ ਰੱਖੇ।

» ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਦੀ ਸਿੱਖਿਆ ਲਈ $17.3 ਮਿਲੀਅਨ ਸਮਰਪਿਤ ਕੀਤੇ, ਜਿਨ੍ਹਾਂ ਵਿੱਚੋਂ ਕੁਝ ਰਕਮ ਸਕੂਲਾਂ ਵਿੱਚ 400 ਤੋਂ ਵੀ ਵੱਧ ਸਹਾਇਕ ਅਧਿਆਪਕ ਰੱਖਣ ਲਈ ਇਸਤੇਮਾਲ ਕੀਤੀ ਗਈ ਹੈ।

» $1.8 ਮਿਲੀਅਨ ਪੇਸ਼ੇਵਰ ਵਿਕਾਸ ਲਈ ਸਮਰਪਿਤ ਕੀਤੇ।




### ਦੁੱਧ ਸ਼ਾਮਲ ਕਰੋ!

$1 ਮਿਲੀਅਨ ਦੀ ਫ਼ੰਡਿੰਗ ਬੀ.ਸੀ. ਡੇਅਰੀ ਐਸੋਸੀਏਸ਼ਨ ਨਾਲ ਨਵੀਂ ਸਾਂਝੇਦਾਰੀ ਰਾਹੀਂ ਸਕੂਲ ਫ਼ਰੂਟ ਐਂਡ ਵੈਜੀਟੇਬਲ ਨਿਊਟ੍ਰਿਸ਼ਨਲ ਪ੍ਰੋਗਰਾਮ ਦਾ ਵਿਸਥਾਰ ਕਰੇਗੀ। ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਸਕੂਲਾਂ ਕੋਲ ਕਿੰਡਰਗਾਰਟਨ ਤੋਂ ਗ੍ਰੇਡ 2 ਤਕ ਦੇ ਵਿਦਿਆਰਥੀਆਂ ਲਈ ਸਥਾਨਕ ਡੇਅਰੀ ਫ਼ਾਰਮਾਂ ਤੋਂ ਦੁੱਧ ਲੈਣ ਦਾ ਬਦਲ ਉਪਲਬਧ ਹੋਵੇਗਾ। ਇਹ ਪ੍ਰੋਗਰਾਮ 1,400 ਤੋਂ ਵੀ ਵੱਧ ਪਬਲਿਕ ਅਤੇ ਫ਼ਸਟ ਨੇਸ਼ਨਜ਼ ਸਕੂਲਾਂ ਵਿਚਲੇ ਵਿਦਿਆਰਥੀਆਂ ਨੂੰ ਸਾਡੇ ਲਈ ਭੋਜਨ ਪ੍ਰਦਾਨ ਕਰਨ ਵਾਲੇ ਬੀ.ਸੀ. ਫ਼ਾਰਮਾਂ ਨਾਲ ਜੋੜਦਾ ਹੈ ਅਤੇ ਵਿਦਿਆਰਥੀਆਂ ਵਿੱਚ ਸਿਹਤਮੰਦ ਭੋਜਨ ਖਾਣ ਦੀਆਂ ਆਦਤਾਂ ਵਿਕਸਿਤ ਕਰਦਾ ਹੈ।



### ਲਿਕਵੀਫਾਇਡ ਨੈਚੁਰਲ ਗੈਸ – ਇੱਕ ਚਿਰਕਾਲੀਨ ਮੌਕਾ

ਏਸ਼ੀਆ ਨਾਲ ਨੇੜਤਾ, ਨੈਚੁਰਲ ਗੈਸ ਦੀ ਭਰਮਾਰ, ਹੁਨਰਮੰਦ ਕਰਮਚਾਰੀ ਦਲ ਅਤੇ ਮੁਕਾਬਲੇ ਦੀ ਟੈਕਸ ਅਤੇ ਰੌਇਲਟੀ ਪ੍ਰਣਾਲੀ ਕਾਰਨ ਬੀ.ਸੀ. ਐੱਲ.ਐੱਨ.ਜੀ. ਸੁਵਿਧਾਵਾਂ ਲਈ ਬੜੇ ਮੌਕੇ 'ਤੇ ਮੌਜੂਦ ਹੈ। ਆਉਂਦੇ ਸਾਲਾਂ ਵਿੱਚ, ਐੱਲ.ਐੱਨ.ਜੀ. ਵਿਕਾਸ ਨਾਲ ਹਜ਼ਾਰਾਂ ਨੌਕਰੀਆਂ ਅਤੇ ਬੀ.ਸੀ. ਵਿੱਚ ਅਨੇਕਾਂ ਬਿਲੀਅਨ ਡਾਲਰਾਂ ਦੇ ਨਿਵੇਸ਼ ਦੀ ਸਿਰਜਣਾ ਹੋ ਸਕਦੀ ਹੈ। ਇਸ ਤਬਦੀਲੀ ਲਈ ਤਿਆਰ ਹੋਣ ਵਾਸਤੇ ਉੱਤਰੀ ਖੇਤਰ ਵਿਚਲੇ ਭਾਈਚਾਰਿਆਂ ਨੂੰ ਮਦਦ ਕਰਨ ਲਈ ਹੁਣ ਵਿਚਾਰ-ਵਟਾਂਦਰਾ ਚੱਲ ਰਿਹਾ ਹੈ। ਹੁਣ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਲਈ ਇਹ ਸੋਚਣਾ ਸ਼ੁਰੂ ਕਰਨ ਦਾ ਸਮਾਂ ਹੈ ਕਿ ਐੱਲ.ਐੱਨ.ਜੀ. ਵਿਕਾਸ ਤੋਂ ਭਵਿੱਖ ਵਿੱਚ ਹੋਣ ਵਾਲੇ ਫ਼ਾਇਦਿਆਂ ਨੂੰ ਸੂਬੇ ਵਿੱਚ ਉੱਤਮ ਢੰਗ ਨਾਲ ਕਿਵੇਂ ਇਸਤੇਮਾਲ ਜਾਂ ਨਿਵੇਸ਼ ਕੀਤਾ ਜਾ ਸਕਦਾ ਹੈ। ਖ਼ੁਸ਼ਹਾਲੀ ਦਾ ਫ਼ੰਡ ਸਥਾਪਤ ਕਰ ਕੇ ਵੱਖ-ਵੱਖ ਪ੍ਰੋਗਰਾਮਾਂ, ਸਟ੍ਰੈਟੀਜਿਕ ਨਿਵੇਸ਼ਾਂ ਜਾਂ ਕਰਜ਼ਾ ਘਟਾਉਣ ਲਈ ਰਕਮ ਮੁਹੱਈਆ ਕੀਤੀ ਜਾ ਸਕਦੀ ਹੈ ਜਿਸ ਨਾਲ ਬ੍ਰਿਟਿਸ਼ ਕੋਲੰਬੀਆ ਦੀਆਂ ਆਉਣ ਵਾਲੀਆਂ ਪੁਸ਼ਤਾਂ ਲਈ ਚਿਰਕਾਲੀਨ ਅਤੇ ਬਰਕਰਾਰ ਰੱਖਿਆ ਜਾ ਸਕਣ ਵਾਲਾ ਲਾਭ ਯਕੀਨੀ ਬਣਾਇਆ ਜਾ ਸਕਦਾ ਹੈ।

## ਸਥਿਰ, ਪ੍ਰਫੁੱਲਤ ਹੁੰਦੀ ਆਰਥਿਕਤਾ – ਨਿਰਯਾਤ ਵਿੱਚ ਵੰਨ-ਸੁਵੰਨਤਾ

ਆਪਣੀ ਨਿਰਯਾਤ ਮੰਡੀ ਵਿੱਚ ਵੰਨ-ਸੁਵੰਨਤਾ ਲਿਆਉਣ ਲਈ ਅਸੀਂ ਸਖ਼ਤ ਮਿਹਨਤ ਕੀਤੀ ਹੈ। ਹੁਣ, ਬੀ.ਸੀ. ਵੱਲੋਂ ਨਿਰਯਾਤ ਕੀਤੇ ਮਾਲ ਦਾ 40 ਫ਼ੀ ਸਦੀ ਤੋਂ ਵੀ ਵੱਧ ਹਿੱਸਾ ਏਸ਼ੀਆ ਨੂੰ ਅਤੇ 44 ਫ਼ੀ ਸਦੀ ਹਿੱਸਾ ਅਮਰੀਕਾ ਨੂੰ ਜਾਂਦਾ ਹੈ। ਸਾਲ 2001 ਵਿੱਚ ਸੂਬੇ ਵੱਲੋਂ ਨਿਰਯਾਤ ਕੀਤੇ ਜਾਂਦੇ ਮਾਲ ਦਾ ਲਗਭਗ 70 ਫ਼ੀ ਸਦੀ ਹਿੱਸਾ ਅਮਰੀਕਾ ਨੂੰ ਜਾਂਦਾ ਸੀ। ਇਸ ਦੇ ਮੁਕਾਬਲੇ ਵਿੱਚ, ਐਲਬਰਟਾ ਦਾ 86 ਫ਼ੀ ਸਦੀ ਨਿਰਯਾਤ ਅਤੇ ਓਨਟੈਰੀਓ ਦਾ 78 ਫ਼ੀ ਸਦੀ ਨਿਰਯਾਤ ਅਮਰੀਕਾ 'ਤੇ ਨਿਰਭਰ ਕਰਦਾ ਹੈ। ਇਹ ਵੰਨ-ਸੁਵੰਨਤਾ ਬੀ.ਸੀ. ਨੂੰ ਅਮਰੀਕਾ ਵਿਚਲੇ ਮੰਦਵਾੜਿਆਂ ਤੋਂ ਬਚਾਉਂਦੀ ਹੈ ਅਤੇ ਸਾਨੂੰ ਚੀਨ ਵਰਗੀਆਂ ਤੇਜ਼ੀ ਨਾਲ ਵਿਕਾਸ ਕਰ ਰਹੀਆਂ ਮੰਡੀਆਂ ਦਾ ਫ਼ਾਇਦਾ ਉਠਾਉਣ ਦਿੰਦੀ ਹੈ। ਪੈਸੀਫ਼ਿਕ ਖ਼ਿੱਤੇ ਵਿੱਚ ਮੰਗ ਨਿਰੰਤਰ ਵਧ ਰਹੀ ਹੈ ਜੋ ਕਿ ਸਾਨੂੰ ਆਪਣੇ ਨਿਰਯਾਤ ਦੇ ਵਿਸਥਾਰ ਅਤੇ ਆਪਣੀ ਐੱਲ.ਐੱਨ.ਜੀ. ਦੇ ਵਿਕਾਸ ਨੂੰ ਹੋਰ ਤੇਜ਼ ਕਰਨ, ਨੈਚੁਰਲ ਗੈਸ ਦੀ ਸਾਡੀ ਅਥਾਹ ਸਪਲਾਈ ਅਤੇ ਕੈਨੇਡਾ ਦੇ ਪੈਸਿਫ਼ਿਕ ਸੂਬੇ ਵਜੋਂ ਮੌਕੇ 'ਤੇ ਸਥਿਤ ਹੋਣ ਦੀ ਆਪਣੀ ਲੋਕੇਸ਼ਨ ਦਾ ਲਾਭ ਲੈਣ ਲਈ ਪ੍ਰੇਰਿਤ ਕਰਦੀ ਹੈ।

## $81 ਬਿਲੀਅਨ ਤੋਂ ਵੀ ਵੱਧ ਲਾਗਤ ਵਾਲੇ ਵੱਡੇ ਪ੍ਰੌਜੈਕਟ ਉਸਾਰੀ ਅਧੀਨ ਹਨ

ਬੀ.ਸੀ. ਵਿੱਚ ਲਗਭਗ $81 ਬਿਲੀਅਨ ਦੀ ਲਾਗਤ ਵਾਲੇ ਵੱਡੇ ਪੱਧਰ ਦੇ ਪ੍ਰੌਜੈਕਟ ਉਸਾਰੀ ਅਧੀਨ ਹਨ। ਵੱਖ-ਵੱਖ ਤਰ੍ਹਾਂ ਦੇ ਆਰਥਿਕ ਖੇਤਰਾਂ ਵਿੱਚ ਇਹ ਪ੍ਰੌਜੈਕਟ ਚਲ ਰਹੇ ਹੈ — ਸਮੁੰਦਰੀ ਜਹਾਜ਼ਸਾਜ਼ੀ, ਨੈਚੁਰਲ ਗੈਸ, ਖਾਨਾਂ ਦੀ ਖੁਦਾਈ, ਉਤਪਾਦਨ, ਆਵਾਜਾਈ ਅਤੇ ਕਮਰਸ਼ੀਅਲ ਅਤੇ ਰਿਹਾਇਸ਼ੀ ਉਸਾਰੀ। *(ਸਰੋਤ: BC Major Projects Inventory, Dec 2012)*

| ਬੀ.ਸੀ. ਦੇ ਆਰਥਕ ਵਿਕਾਸ ਦੀ ਪੇਸ਼ੀਨਗੋਈ | | |
|---|---|---|
| 1.4 ਫ਼ੀ ਸਦੀ – 2013 | 2.2 ਫ਼ੀ ਸਦੀ – 2014 | 2.5 ਫ਼ੀ ਸਦੀ – 2015 |

### ਬੀ.ਸੀ. ਦੇ ਨਿਰਯਾਤ ਦਾ 40 ਫ਼ੀ ਸਦੀ ਤੋਂ ਵੀ ਵੱਧ ਹਿੱਸਾ ਏਸ਼ੀਆ ਨੂੰ ਜਾਂਦਾ ਹੈ

ਬੀ.ਸੀ. ਵੱਲੋਂ ਅੰਤਰ-ਰਾਸ਼ਟਰੀ ਪੱਧਰ 'ਤੇ ਨਿਰਯਾਤ ਕੀਤੇ ਜਾਂਦੇ ਮਾਲ ਦਾ ਹਿੱਸਾ




ਸਰੋਤ: BC STATS

# ਕ੍ਰੈਡਿਟ ਰੇਟਿੰਗ




*— ਸਭ ਤੋਂ ਉਚੇਰਾ ਉਪਲਬਧ ਮਿਆਰ*

**ਬੀ.ਸੀ. ਦਾ ਕਰਜ਼ੇ ਅਤੇ ਘਰੇਲੂ ਉਪਜ (ਜੀ.ਡੀ.ਪੀ.) ਦਾ ਅਨੁਪਾਤ**
***AAA* ਰੇਟਿੰਗ ਦਾ ਸਮਰਥਨ ਕਰਦਾ ਹੈ**




ਸਰੋਤ: ਬੀ.ਸੀ. ਮਨਿਸਟਰੀ ਆਫ਼ ਫ਼ਾਇਨੈਂਸ (ਮਾਲੀ ਵਰ੍ਹਾ 2012/13 ਵਿੱਚ)
ਅਤੇ ਮੂਡੀ'ਜ਼ ਇਨਵੈਸਟਰ ਸਰਵਿਸਿਜ਼ (ਪੇਸ਼ੀਨਗੋਈ 2013/14)

*ਸਾਡੀ ਤਿੰਨ-ਸਾਲਾ ਮਾਲੀ ਯੋਜਨਾ ਬੀ.ਸੀ. ਦੇ ਭੱਵਿਖ ਵਿਚਲੇ ਦਿਲਚਸਪ ਮੌਕਿਆਂ ਬਾਰੇ ਹੈ। ਬਿਲਕੁਲ ਨਵੀਂ ਐੱਲ.ਐੱਨ.ਜੀ. ਸਨੱਅਤ ਦੇ ਵਿਕਾਸ ਸਮੇਤ ਸੂਬੇ ਦੇ ਹਰ ਖੇਤਰ ਵਿੱਚ ਕਾਰੋਬਾਰੀ ਅਤੇ ਸਨੱਅਤੀ ਨਿਵੇਸ਼ਾਂ ਨਾਲ ਅਸੀਂ ਆਪਣੀ ਕਾਬਲੀਅਤ ਦਾ ਵਿਕਾਸ ਕਰ ਰਹੇ ਹਾਂ।*

*ਮਾਣਯੋਗ ਮਾਈਕਲ ਡੀ ਯੌਂਗ,*
*ਕਿਊ.ਸੀ.*
*ਮਨਿਸਟਰ ਆਫ਼ ਫ਼ਾਇਨੈਂਸ*
*(ਵਿੱਤ ਮੰਤਰੀ)*

## ਬੀ.ਸੀ. ਦੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼

**ਸਰਕਾਰ ਟੈਕਸ ਰਾਹੀਂ ਵਸੂਲੀ ਰਕਮ ਦੀ ਮਦਦ ਨਾਲ ਆਉਂਦੇ ਤਿੰਨ ਸਾਲ ਦੌਰਾਨ ਬੁਨਿਆਦੀ ਪ੍ਰੌਜੈਕਟਾਂ ਵਿੱਚ $10.6 ਬਿਲੀਅਨ ਨਿਵੇਸ਼ ਕਰੇਗੀ, ਜਿਨ੍ਹਾਂ ਵਿੱਚ ਸ਼ਾਮਲ ਹਨ:**

» ਮੰਡੀ ਤਕ ਮਾਲ ਪਹੁੰਚਾਉਣ ਅਤੇ ਰੈਪਿਡ ਟ੍ਰਾਂਜ਼ਿਟ ਵਿੱਚ ਸੁਧਾਰ ਲਈ ਆਵਾਜਾਈ ਸੰਬੰਧੀ ਬੁਨਿਆਦੀ ਢਾਂਚਾ।

» ਨਵੇਂ, ਬਦਲਵੇਂ ਅਤੇ ਰੈਨੋਵੇਟ (ਨਵੀਨੀਕਰਨ) ਕੀਤੇ ਸਕੂਲ।

» ਵੈਨਕੂਵਰ ਆਇਲੈਂਡ, ਰਿੱਚਮੰਡ, ਕੈਮਲੂਪਸ ਅਤੇ ਕੈਲੋਨਾ ਵਿੱਚ ਪੋਸਟ-ਸੈਕੰਡਰੀ ਅਦਾਰਿਆਂ ਦਾ ਵਿਸਥਾਰ, ਤਬਦੀਲੀਆਂ ਅਤੇ ਆਧੁਨਿਕਰਨ।

» ਸਿਹਤ ਸੁਵਿਧਾਵਾਂ ਜਿਵੇਂ ਕਿ ਬੀ.ਸੀ. ਚਿਲਡ੍ਰਨ'ਜ਼ ਐਂਡ ਵੁਮੈੱਨ ਹਸਪਤਾਲ, ਸਰ੍ਹੀ ਮਮੋਰੀਅਲ, ਇਨਟੀਰੀਅਰ ਹਾਰਟ ਐਂਡ ਸਰਜੀਕਲ ਸੈਂਟਰ, ਨੌਰਥ ਆਇਲੈਂਡ ਵਾਲੇ ਦੋ ਨਵੇਂ ਹਸਪਤਾਲ, ਲੇਕਸ ਡਿਸਟ੍ਰਿਕਟ ਹਸਪਤਾਲ ਅਤੇ ਕੁਈਨ ਸ਼ੈਰਲਟ/ਹਾਇਡਾ ਗੁਵਾਈ ਹਸਪਤਾਲ।

**ਭਵਿੱਖ ਲਈ ਯੋਜਨਾਬੰਦੀ**

*ਹੋਰਨਾ ਸਿਹਤ ਸੁਵਿਧਾਵਾਂ ਨੂੰ ਆਧੁਨਿਕ ਬਣਾਉਣ ਲਈ ਯੋਜਨਾਬੰਦੀ ਚੱਲ ਰਹੀ ਹੈ ਜਿਨ੍ਹਾਂ ਵਿੱਚ ਸ਼ਾਮਲ ਹਨ: ਪੈਨਟਿਕਟਨ ਰੀਜਨਲ ਹਸਪਤਾਲ, ਸੇਂਟ ਪੌਲਜ਼ ਹਸਪਤਾਲ ਅਤੇ ਰੌਇਲ ਕੋਲੰਬੀਅਨ ਹਸਪਤਾਲ।*




## ਬ੍ਰਿਟਿਸ਼ ਕੋਲੰਬੀਅਨਾਂ ਲਈ ਘੱਟ ਟੈਕਸ

ਜਦੋਂ ਸਾਰੇ ਟੈਕਸਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ, ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਉੱਪਰ ਸਮੁੱਚੇ ਤੌਰ 'ਤੇ ਟੈਕਸ ਦਾ ਬੋਝ ਕੈਨੇਡਾ ਵਿਚਲੇ ਸਭ ਤੋਂ ਘੱਟ ਟੈਕਸਾਂ ਵਿੱਚ ਸ਼ਾਮਲ ਹੈ — ਜਿਸ ਵਿੱਚ ਆਮਦਨ ਟੈਕਸ, ਖਪਤ ਟੈਕਸ, ਐੱਮ.ਐੱਸ.ਪੀ. ਪ੍ਰੀਮੀਅਮ ਅਤੇ ਪੇਰੋਲ ਟੈਕਸ ਸ਼ਾਮਲ ਹਨ।





































ਇਹ ਦਸਤਾਵੇਜ਼ ਊਰਜਾ ਦੇ ਨਵਿਆਉਣਯੋਗ ਸਰੋਤਾਂ ਰਾਹੀਂ ਵਾਤਾਵਰਣ ਪੱਖੀ ਐਲੀਮੈਂਟਲ ਕਲੋਰੀਨ ਰਹਿਤ ਕਾਗਜ਼ ਉੱਪਰ ਛਾਪਿਆ ਗਿਆ ਅਤੇ ਇਸ ਵਿੱਚ ਉਪਭੋਗਤਾ ਵੱਲੋਂ ਇਸਤੇਮਾਲ ਕੀਤੇ ਜਾਣ ਤੋਂ ਬਾਅਦ ਮੁੜ ਵਰਤੋਂ ਵਿੱਚ ਲਿਆਂਦਾ ਫ਼ਾਈਬਰ ਵੀ ਸ਼ਾਮਲ ਹੈ। ਇਸ ਦਸਤਾਵੇਜ਼ ਨੂੰ ਤਿਆਰ ਕਰਨ ਵਿੱਚ ਸਾਂਭ-ਸੰਭਾਲ ਦੀਆਂ ਉੱਤਮ ਵਿਧੀਆਂ ਸ਼ਾਮਲ ਕੀਤੀਆਂ ਗਈਆਂ ਹਨ। ਕਿਰਪਾ ਕਰਕੇ ਸਿਕੋੜੋ, ਦੁਬਾਰਾ ਇਸਤੇਮਾਲ ਕਰੋ ਅਤੇ ਰੀਸਾਇਕਲ ਕਰੋ।

## ਜ਼ਿਆਦਾ ਜਾਣਕਾਰੀ ਲਈ

ਬਜਟ 2013 ਸੰਬੰਧੀ ਤਾਜ਼ੀ ਜਾਣਕਾਰੀ ਦੇ ਵੇਰਵਿਆਂ ਲਈ ਦੇਖੋ: www.bcbudget.ca

ਮਨਿਸਟਰੀ ਆਫ਼ ਫ਼ਾਈਨੈਂਸ (ਵਿੱਤ ਮੰਤਰਾਲਾ): www.gov.bc.ca/fin